# TODAY'S HUKAMNAMA FROM SRI DARBAR SAHIB
## Sri Amritsar.

**[June 9, 2013, Sunday 04:30 AM. IST]**

ਤਿਲੰਗ ਬਾਣੀ ਭਗਤਾ ਕੀ ਕਬੀਰ ਜੀ
<> ਸਤਿਗੁਰ ਪ੍ਰਸਾਦਿ ॥
ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥ ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥1॥ ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥ ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥1॥ ਰਹਾਉ ॥ ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥ ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥2॥ ਅਸਮਾਨ ਮ੍ਿਆਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥ ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥3॥ ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥ ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥4॥1॥

ਭਗਤ ਕਬੀਰ ਜੀ ਇਸ ਸ਼ਬਦ ਵਿਚ ਪ੍ਰਮਾਤਮਾ ਨੂੰ ਆਪਣੇ ਅੰਤਰ ਆਤਮਾ ਵਿਚ ਪਹਿਚਾਨਣ ਦਾ ਉਪਦੇਸ਼ ਦੇ ਰਹੇ ਹਨ। ਆਪਣੇ ਆਪਨੂੰ ਸਿਆਣੇ ਧਾਰਮਿਕ ਵਿਦਵਾਨ ਅਖਾਉਂਦੇ ਲੋਕ ਆਪਣੇ ਆਪਣੇ ਧਰਮ ਗ੍ਰੰਥਾਂ ਦੀ ਵਿਚਾਰ ਕਰਕੇ ਆਪਸ ਵਿਚ ਬਹਿਸਾਂ ਕਰਦੇ ਹਨ ।ਆਪ ਤਾਂ ਉਨ੍ਹਾਂ ਨੇ ਰਬ ਦਾ ਅਨੁਭਵ ਕੀਤਾ ਨਹੀਂ ਦੁਜਿਆਂ ਨਾਲ ਇਸ ਬਾਰੇ ਵਿਅਰਥ ਦੀਆਂ ਬਹਿਸਾਂ ਕਰਦੇ ਫ਼ਿਰਦੇ ਹਨ ।ਉਹ ਰਬ, ਬੰਦੇ ਦੀ ਬਣਾਈ ਕਿਸੇ ਸੂਰਤ ਮੂਰਤ ਵਿਚ ਨਹੀਂ ਬਲਕਿ ਸਾਡੇ ਹਿਰਦੇ ਵਿਚ ਵਸਦਾ ਹੈ ।ਉਹ ਪ੍ਰਮਾਤਮਾਂ ਪਾਵਨ ਪਵਿੱਤਰ ਹੈ ਜਿਸ ਨਾਲ ਸੁਰਤ ਜੋੜਿਆਂ ਮਨੁੱਖ ਵੀ ਪਵਿੱਤਰ ਹੋਕੇ ਉਸਦੀ ਬਖ਼ਸ਼ਿਸ਼ ਦਾ ਪਾਤਰ ਬਣ ਜਾਂਦਾ ਹੈ ।